# ਫ਼ਿਲਮ ਰਿਵੀਊ: ਰੰਗ ਦੇ ਬਸੰਤੀ

ਕੁਝ ਦਿਨ ਹੋਏ ਹਿੰਦੁਸਤਾਨ ਅਤੇ ਬਾਹਰਲੇ ਮੁਲਕਾਂ ਵਿਚ ਅਮੀਰ ਖ਼ਾਨ ਦੀ ਨਵੀਂ ਫ਼ਿਲਮ **ਰੰਗ ਦੇ ਬਸੰਤੀ** ਰਿਲੀਜ਼ ਹੋਈ ਹੈ। ਦੇਸ਼ ਵਿਦੇਸ਼ ਵਿਚ ਇਸ ਫਿਲਮ ਦੀ ਕਾਫੀ ਚਰਚਾ ਹੋ ਰਹੀ ਹੈ।

ਫ਼ਿਲਮ ਦੀ ਕਹਾਣੀ ਅਨੁਸਾਰ ਇੰਗਲੈਂਡ ਦੀ ਇਕ ਟੈਲੀਵੀਜਨ ਕੰਪਨੀ ਵਿਚ ਇਕ ਅੰਗ੍ਰੇਜ਼ ਲੜਕੀ ਕੰਮ ਕਰਦੀ ਹੈ ਜਿਹਦਾ ਨਾਂਅ ਸੂ ਹੈ। ਸੂ ਦੇ ਹੱਥ ਆਪਣੇ ਦਾਦੇ ਦੀ ਇਕ ਪੁਰਾਣੀ ਡਾਇਰੀ ਲਗਦੀ ਹੈ ਜੋ ਅੰਗ੍ਰੇਜ਼ਾਂ ਦੇ ਹਿੰਦੁਸਤਾਨ ਤੇ ਰਾਜ ਵਿਚ ਇਕ ਪੁਲਿਸ ਅਫਸਰ ਸੀ। ਆਪਣੀ ਡਾਇਰੀ ਵਿਚ ਉਹਨੇ ਚੰਦਰਸ਼ੇਖਰ, ਰਾਜਗੁਰੁ, ਸੁਖਦੇਵ, ਭਗਤ ਸਿੰਘ, ਰਾਮਪ੍ਰਸਾਦ ਬਿਸਮਿਲ, ਅਸ਼ਫਾਕ ਉੱਲਾ ਖ਼ਾਨ ਅਤੇ ਹੋਰ ਸ਼ਹੀਦਾਂ ਦੀ ਹਿੰਮਤ ਅਤੇ ਦਲੇਰੀ ਦਾ ਜ਼ਿਕਰ ਕੀਤਾ ਸੀ। ਸੂ ਇਨ੍ਹਾਂ ਸ਼ਹੀਦਾਂ ਦੀ ਜ਼ਿੰਦਗੀ ਤੋਂ ਕਾਫ਼ੀ ਪ੍ਰਭਾਵਿਤ ਹੈ ਅਤੇ ਉਨ੍ਹਾਂ  ਦੇ ਕਾਰਨਾਮਿਆਂ ਬਾਰੇ ਹਿੰਦੁਸਤਾਨ ਜਾ ਕੇ ਇਕ ਡਾਕੂਮੈਂਟਰੀ ਫ਼ਿਲਮ ਬਣਾਉਣਾ ਚਾਹੁੰਦੀ ਹੈ। ਪਰ ਉਹਦੀ ਕੰਪਨੀ ਉਸ ਨੂੰ ਇਸ ਕੰਮ ਲਈ ਪੈਸੇ ਦੇਣ ਤੋਂ ਨਾਂਹ ਕਰ ਦਿੰਦੀ। ਸੂ ਮਾਯੂਸ ਤਾਂ ਹੁੰਦੀ ਹੈ ਪਰ ਇਸ ਗੱਲ ਦੀ ਬਹੁਤੀ ਪਰਵਾਹ ਨਹੀਂ ਕਰਦੀ ਅਤੇ ਡਾਕੂਮੈਂਟਰੀ ਬਣਾਉਣ ਲਈ ਆਪਣੀ ਇਕ ਵਾਕਿਫ਼ ਕੁੜੀ ਸੋਨੀਆ ਕੋਲ ਹਿੰਦੁਸਤਾਨ ਆ ਜਾਂਦੀ ਹੈ।

ਸੂ ਉਹਦੀ ਮੱਦਦ ਕਰਨ ਲਈ ਤਿਆਰ ਹੈ ਤੇ ਇਸ ਡਾਕੂਮੈਂਟਰੀ ਲਈ ਐਕਟਰ ਲੱਭਣ ਵਾਸਤੇ ਸੂ ਅਤੇ ਸੋਨੀਆ ਦਿੱਲੀ ਯੂਨੀਵਰਸਟੀ ਜਾਂਦੇ ਹਨ ਅਤੇ ਢੁਕਵੇਂ ਕਿਰਦਾਰ ਲੱਭਣ ਲਈ ਮੁੰਡੇ ਕੁੜੀਆਂ ਦੇ ਆਡੀਸ਼ਨ ਕਰਦੇ ਹਨ। ਪਰ ਕੋਈ ਵੀ ਨੌਜਵਾਨ ਇਨਕਲਾਬੀਆਂ ਦੇ ਕਿਰਦਾਰਾਂ ਲਈ ਖਰਾ ਨਹੀਂ ਉਤਰਦਾ। ਜ਼ਿਆਦਾਤਰ ਨੌਜਵਾਨਾਂ ਨੂੰ ਤਾਂ ਡੇਸ਼ ਭਗਤ ਇਨਕਲਾਬੀਆਂ ਬਾਰੇ ਕੁਝ ਵੀ ਪਤਾ ਨਹੀਂ। ਇਹ ਨੌਜਵਾਨ ਵਿਦਿਆਰਥੀ ਪੱਛਮੀ ਸਭਿਅਤਾ, ਪਹਿਰਾਵੇ ਅਤੇ ਸੰਗੀਤ ਦੇ ਮੁਰੀਦ ਹਨ ਅਤੇ ਪੜ੍ਹ ਲਿਖ ਕੇ ਹਿੰਦੁਸਤਾਨ ਤੋਂ ਬਾਹਰ ਵਿਦੇਸ਼ਾਂ ਵਿਚ ਜਾਣਾ ਚਾਹੁੰਦੇ ਹਨ। ਉਹ ਸਮਝਦੇ ਹਨ ਕਿ ਉਨ੍ਹਾਂ ਲਈ ਹਿੰਦੁਸਤਾਨ ਵਿਚ ਮੁਸੀਬਤਾ, ਹੇਰਾਫ਼ੇਰੀ ਅਤੇ ਭ੍ਰਿਸ਼ਟਾਚਾਰ ਦੇ ਇਲਾਵਾ ਕੁਝ ਵੀ ਨਹੀਂ। ਸੂ ਮਾਯੂਸ ਹੋ ਜਾਂਦੀ ਹੈ ਅਤੇ ਸੋਚਦੀ ਹੈ ਕਿ ਡਾਕੂਮੈਂਟਰੀ ਲਈ ਉਹਨੂੰ ਨੌਜਵਾਨ ਐਕਟਰ ਨਹੀਂ ਮਿਲਣੇ। ਪਰ ਸੋਨੀਆ ਆਸ ਨਹੀਂ ਛੱਡਦੀ ਤੇ ਇਕ ਸ਼ਾਮ ਸੂ ਨੂੰ ਇਕ ਖੰਡਰ ਵਿਚ ਲੈ ਜਾਂਦੀ ਹੈ ਜਿੱਥੇ ਕਈ ਨੌਜਵਾਨ ਨੱਚਦੇ ਖੇਡਦੇ ਅਤੇ ਮੌਜ ਮੇਲਾ ਕਰ ਰਹੇ ਹਨ। ਇਹ ਬੜੇ ਹੀ ਦਲੇਰ ਤੇ ਨਿਡਰ ਹਨ ਪਰ ਬਿਲਕੁਲ ਹੀ ਮੌਜ ਮੇਲੇ ਵਿਚ ਮਸਤ ਹਨ। ਉਸੇ ਵੇਲੇ ਹੀ ਉਥੇ ਕੁਝ ਹਿੰਦੁਤਵ ਅਤੇ ਹਿੰਦੁਸਤਾਨੀ ਸਭਿਅਤਾ ਦੇ ਰਾਖੇ ਬਣੇ ਹੋਏ ਕੁਝ ਨੌਜਵਾਨ ਡਾਂਗਾ ਅਤੇ ਕਿਰਪਾਨਾਂ ਲੈਕੇ ਆਉਂਦੇ ਹਨ ਅਤੇ ਇਨ੍ਹਾਂ ਨੌਜਵਾਨਾਂ ਨੂੰ ਡਰਾਂਉਂਦੇ, ਕੋਸਦੇ ਅਤੇ ਗਾਲਾਂ ਕੱਢਦੇ ਹਨ ਕਿ ਉਹ ਪੱਛਮੀ ਸਭਿਅਤਾ ਅਤੇ ਲੱਚਰਪਨੇ ਮਗਰ ਲੱਗੇ ਹੋਏ ਹਨ। ਹਿੰਦੁਤਵ ਦੇ ਰਾਖਿਆਂ ਇਨ੍ਹਾਂ ਨੌਜੁਆਨਾਂ ਦਾ ਆਗੂ ਪਾਂਡੇ ਹੈ। ਪੱਛਮੀ ਸੰਗੀਤ ਅਤੇ ਤਹਿਜ਼ੀਬ ਵਿਚ ਰੰਗੇ ਹੋਏ ਮੌਜ ਮਸਤੀ ਵਿਚ ਮਸਰੂਫ਼ ਨੌਜਵਾਨਾਂ ਵਿਚ ਇਕ ਦਲਜੀਤ ਉਰਫ ਡੀ ਜੇ ਵੀ ਹੈ ਜੋ ਇਨ੍ਹਾਂ ਦਾ ਸਰਦਾਰ ਹੈ। ਇਹ ਸਭ ਪੱਕੇ ਦੋਸਤ ਹਨ ਅਤੇ ਯੂਨੀਵਰਸਟੀ ਵਿਚ ਸਦਾ ਹੀ ਇਕ ਦੂਜੇ ਨਾਲ ਖੜ੍ਹਦੇ ਹਨ ਅਤੇ ਇਕ ਦੂਜੇ ਲਈ ਜਾਨ ਦੇਣ ਨੂੰ ਤਿਆਰ ਹਨ। ਉਸੇ ਵੇਲੇ ਉਥੇ ਪੁਲਿਸ ਦੇ ਆਉਣ ਕਰਕੇ ਇਨ੍ਹਾਂ ਦਾ ਝਗੜਾ ਹੋਰ ਅੱਗੇ ਨਹੀਂ ਵਧਦਾ।

ਸੂ ਅਤੇ ਸੋਨੀਆ ਡੀ ਜੇ ਤੇ ਇਹਦੇ ਦੋਸਤਾਂ ਵਿਚ ਇਨਕਲਾਬੀਆਂ ਦਾ ਕਿਰਦਾਰ ਕਰਨ ਦੀ ਯੋਗਤਾ ਵੇਖਦੀਆਂ ਹਨ ਅਤੇ ਅਸਲਮ, ਕਰਨ, ਡੀ ਜੇ, ਸੁਖੀ ਅਤੇ ਹੋਰ ਨੌਜਵਾਨਾਂ ਨੂੰ ਡਾਕੈਮੈਂਟਰੀ ਲਈ ਇਨਕਲਾਬੀਆਂ ਦਾ ਕਿਰਦਾਰ ਕਰਨ ਲਈ ਰਾਜ਼ੀ ਕਰ ਲੈਂਦੀਆਂ ਹਨ। ਡੀ ਜੇ ਚੰਦਰਸ਼ੇਖਰ, ਕਰਨ ਭਗਤ ਸਿੰਘ, ਅਸਲਮ ਅਸ਼ਫ਼ਾਕ ਉਲਾ ਖ਼ਾਨ, ਸੁਖੀ ਰਾਜਗੁਰੁ ਦਾ ਰੋਲ ਕਰਨ ਢੁਕਵੇਂ ਹਨ ਅਤੇ ਆਪੋ ਆਪਣੇ ਰੋਲ ਦੀਆਂ ਤਿਆਰੀਆਂ ਕਰਦੇ ਹਨ ਪਰ ਰਾਮ ਪ੍ਰਸਾਦ ਬਿਸਮਿਲ ਦਾ ਕਿਰਦਾਰ ਕਰਨ ਲਈ ਕੋਈ ਪੂਰਾ ਨਹੀਂ ਉਤਰਦਾ। ਪਾਂਡੇ, ਜੋ ਹਿੰਦੁਤਵ ਵਿਚਾਰਧਾਰਾ ਵਾਲੇ ਨੌਜਵਾਨਾਂ ਦਾ ਆਗੂ ਹੈ ਅਤੇ ਡੀ.ਜੇ ਦੇ ਟੋਲੇ ਨਾਲ ਖ਼ਾਰ ਵੀ ਖਾਂਦਾ ਹੈ, ਇਹ ਸਭ ਲੁੱਕ ਛਿਪ ਕੇ ਵੇਖਦਾ ਹੈ ਅਤੇ ਰਾਮ ਪ੍ਰਸਾਦ ਬਿਸਮਿਲ ਦਾ ਰੋਲ ਕਰਨ ਲਈ ਰਾਜ਼ੀ ਹੈ। ਸੋਨੀਆ ਦੁਰਗਾ ਭਾਵੀ ਦਾ ਰੋਲ ਕਰਦੀ ਹੈ। ਫਿਲਮ ਦੀ ਸ਼ੂਟਿੰਗ ਦੌਰਾਨ ਇਹ ਸਭ ਨੌਜਵਾਨ ਇਨਕਲਾਬੀਆਂ ਦੀ ਜ਼ਿੰਦਗੀ ਬਾਰੇ ਜਾਣਕਾਰੀ ਹਾਸਲ ਕਰਦੇ ਹਨ ਤੇ ਉਨ੍ਹਾਂ ਦੀ ਕੁਰਬਾਨੀ ਅਤੇ ਟੀਚੇ ਤੋਂ ਬਹੁਤ ਪ੍ਰਭਾਵਿਤ ਹੋ ਜਾਂਦੇ ਹਨ। ਇਸੇ ਦੌਰਾਨ ਉਹ ਆਪਸ ਵਿਚ ਅਤੇ ਸੂ ਨਾਲ ਵੀ ਆਜ਼ਾਦੀ ਬਾਅਦ ਦੇ ਹਿੰਦੁਸਤਾਨ ਦੇ ਬੁਰੇ ਹਾਲਤਾਂ ਬਾਰੇ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਹਨ।

ਡਾਕੂਮੈਂਟਰੀ ਬਣਦੀ ਜਾਂਦੀ ਹੈ ਤੇ ਇਕ ਦਿਨ ਟੈਲੀਵੀਜਨ ਤੇ ਖ਼ਬਰ ਆਉਦੀ ਹੈ ਕਿ ਸੋਨੀਆ ਦਾ ਮੰਗੇਤਰ ਅਜੈ ਰਾਠੌਰ, ਜੋ ਡੀ.ਜੇ ਦੀ ਹੀ ਢਾਣੀ ਦਾ ਇਕ ਮੈਂਬਰ ਹੈ ਅਤੇ ਹਵਾਈ ਫ਼ੌਜ ਵਿਚ ਪਾਈਲੇਟ ਸੀ, ਇਕ ਉਡਾਣ ਦੌਰਾਨ ਮਿਗ ਜਹਾਜ਼ ਦੇ ਡਿੱਗਣ ਨਾਲ ਮਾਰਿਆ ਗਿਆ ਹੈ। ਖ਼ਬਰਾਂ ਮੁਤਾਬਿਕ ਹਿੰਦੁਸਤਾਨੀ ਏਅਰ ਫੋਰਸ ਦਾ ਇਹ ਤੀਹਵਾਂ ਮਿਗ ਜਹਾਜ਼ ਸੀ ਜਿਹੜਾ ਡਿੱਗਿਆ ਸੀ। ਲੋਕਾਂ ਵਿਚ ਬਹੁਤ ਗੁਸਾ ਹੈ ਤੇ ਰੌਲਾ ਪੈਂਦਾ ਹੈ ਕਿ ਰਖਿਆ ਮੰਤ੍ਰੀ ਅਤੇ ਹੋਰ ਅਫ਼ਸਰਾਂ ਨੇ ਰਿਸ਼ਵਤ ਲੈ ਕੇ ਇਨ੍ਹਾਂ ਜਹਾਜ਼ਾਂ ਲਈ ਘਟੀਆ ਪੁਰਜ਼ੇ ਖ਼ਰੀਦੇ ਹਨ ਜਿਨ੍ਹਾਂ ਕਰਕੇ ਅਜੈ ਰਾਠੌਰ ਵਰਗੇ ਕਈ ਨੌਜਵਾਨ ਪਾਇਲਟ ਮਾਰੇ ਗਏ ਹਨ।

ਰਖਿਆ ਮੰਤ੍ਰੀ ਅਤੇ ਹੋਰ ਸਰਕਾਰੀ ਅਫਸਰ ਅਜੈ ਅਤੇ ਹੋਰ ਪਾਇਲਟਾਂ ਨੂੰ ਨਾਦਾਨ ਅਤੇ ਗੈਰਜ਼ੁੰਮੇਵਾਰ ਪਾਇਲਟ ਦਸਦੇ ਹਨ ਅਤੇ ਕਹਿੰਦੇ ਹਨ ਜਹਾਜ਼ ਡਿਗਣ ਵਿਚ ਸਾਰਾ ਕਸੂਰ ਇਨ੍ਹਾਂ ਪਾਈਲੇਟਾਂ ਦਾ ਹੀ ਹੈ। ਸੋਨੀਆ ਅਤੇ ਅਜੈ ਦੇ ਦੋਸਤ ਇੰਡੀਆ ਗੇਟ ਵਿਚ ਅਮਰ ਜੋਤ ਤੇ ਇਕ ਵੱਡਾ ਮੁਜ਼ਾਹਰਾ ਕਰਦੇ ਹਨ ਅਤੇ ਸ਼ਰੇਆਮ ਰੱਖਿਆ ਮੰਤ੍ਰੀ ਅਤੇ ਹੋਰਨਾਂ ਸਰਕਾਰੀ ਅਫ਼ਸਰਾਂ ਉਤੇ ਇਲਜ਼ਾਮ ਲਾਉਂਦੇ ਹਨ। ਰੱਖਿਆ ਮੰਤਰੀ ਪਾਂਡੇ ਦੀ ਹੀ ਪਾਰਟੀ ਦਾ ਬੰਦਾ ਹੈ ਅਤੇ ਪਾਂਡੇ ਨੂੰ ਵੀ ਇਸ ਅਸਲੀਅਤ ਦੀ ਸਮਝ ਆ ਜਾਂਦੀ ਹੈ ਕਿ ਗੱਲਾਂ ਭਾਵੇਂ ਜਿਹੜੀਆਂ ਵੀ ਕਰਨ ਵੈਸੇ ਸਾਰੀਆਂ ਰਾਜਸੀ ਪਾਰਟੀਆਂ ਅਤੇ ਨੇਤਾ ਹੀ ਕੁਰੱਪਟ ਹਨ। ਰੱਖਿਆ ਮੰਤਰੀ ਦੇ ਇਸ਼ਾਰੇ ਉਤੇ ਪੁਲੀਸ ਅਤੇ ਨੀਮ ਫ਼ੌਜ ਇਸ ਮੁਜ਼ਾਹਰੇ ਉਤੇ ਹਮਲਾ ਕਰ ਦਿੰਦੇ ਹਨ ਤੇ ਇਸ ਹਮਲੇ ਵਿਚ ਇਹ ਸਾਰੇ ਨੌਜਵਾਨ ਅਤੇ ਹੋਰ ਲੋਕ ਬਹੁਤ ਫ਼ੱਟੜ ਹੋ ਜਾਂਦੇ ਹਨ ਅਤੇ ਅਜੈ ਦੀ ਮਾਂ ਡੂੰਘੀ ਬੇਹੋਸ਼ੀ ਵਿਚ ਚਲੀ ਜਾਂਦੀ ਹੈ।

ਇਹ ਸਾਰੇ ਨੌਜਵਾਨ ਬਹੁਤ ਰੋਹ ਅਤੇ ਗੁੱਸੇ ਵਿਚ ਹਨ ਅਤੇ ਆਜ਼ਾਦੀ ਦੇ ਘੁਲਾਟੀਏ ਇਨਕਲਾਬੀਆਂ ਵਾਂਗ ਹੀ ਇਹ ਸਾਰੇ ਫਿਰੋਜ਼ਸ਼ਾਹ ਕੋਟਲਾ ਇਕੱਠੇ ਹੁੰਦੇ ਹਨ ਅਤੇ ਆਪਸ ਵਿਚ ਸਲਾਹਾਂ ਕਰਦੇ ਹਨ ਕਿ ਕੀ ਕੀਤਾ ਜਾਵੇ। ਇਹ ਇਕੱਠੇ ਹੋ ਕੇ ਫੈਸਲਾ ਕਰਦੇ ਹਨ ਕਿ ਰਖਿਆ ਮੰਤ੍ਰੀ ਦਾ ਕਤਲ ਕਰ ਦਿਤਾ ਜਾਵੇ। ਉਹ ਰਖਿਆ ਮੰਤ੍ਰੀ ਅਤੇ ਜਨਰਲ ਡਾਇਰ ਵਿਚ ਕੋਈ ਫਰਕ ਨਹੀਂ ਸਮਝਦੇ। ਉਹ ਪਤਾ ਕਰਦੇ ਹਨ ਕਿ ਰਖਿਆ ਮੰਤ੍ਰੀ ਸਵੇਰੇ ਸੈਰ ਲਈ ਜਾਂਦਾ ਹੈ। ਇਹ ਸਾਰੇ ਨੌਜੁਆਨ ਸੈਰ ਕਰਦੇ ਰੱਖਿਆ ਮੰਤ੍ਰੀ ਨੂੰ ਇਕ ਗਿਣੇ ਮਿਥੇ ਪਲੈਨ ਤੇ ਚਲਦੇ ਹੋਏ ਗੋਲੀਆਂ ਮਾਰ ਦਿੰਦੇ ਹਨ ਜੋ ਉਥੇ ਹੀ ਖ਼ਤਮ ਹੋ ਜਾਂਦਾ ਹੈ। ਇਹ ਨੌਜਵਾਨ ਸੋਚਦੇ ਸੀ ਕਿ ਰਖਿਆ ਮੰਤ੍ਰੀ ਦੇ ਕਤਲ ਨਾਲ ਮਸਲਾ ਹੱਲ ਹੋ ਜਾਵੇਗਾ ਤੇ ਅਜੈ ਅਤੇ ਹੋਰ ਪਾਇਲਟਾਂ ਦੀ ਮੌਤ ਦਾ ਕਾਰਨ ਬਣੀ ਕੁਰੱਪਸ਼ਨ ਦਾ ਬਦਲਾ ਲੈ ਲਿਆ ਜਾਵੇਗਾ ਤੇ ਸਾਰੀ ਗੱਲ ਸਾਫ਼ ਹੋ ਜਾਵੇਗੀ। ਪਰ ਇਸ ਨਾਲ ਕੁਝ ਵੀ ਨਹੀਂ ਬਦਲਦਾ। ਸਰਕਾਰ ਅਤੇ ਮੀਡੀਆ ਰੌਲਾ ਪਾ ਦਿੰਦੇ ਹਨ ਕਿ ਦਹਿਸ਼ਤਗਰਦਾ ਨੇ ਰੱਖਿਆ ਮੰਤ੍ਰੀ ਨੂੰ ਕਤਲ ਕਰ ਦਿਤਾ ਹੈ। ਕੁਝ ਨੇਤਾ ਤਾ ਇਹ ਵੀ ਕਹਿੰਦੇ ਹਨ ਕਿ ਇਹ ਕੰਮ ਹਿੰਦੁਸਤਾਨ ਦੇ ਕਿਸੇ ਦੁਸ਼ਮਣ ਮੁਲਕ ਨੇ ਕਰਵਾਇਆ ਹੈ।

ਇਹ ਨੌਜਵਾਨ ਆਪਸ ਵਿਚ ਸਲਾਹ ਕਰਦੇ ਹਨ ਕਿ ਉਨ੍ਹਾਂ ਨੂੰ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਕੰਮ ਉਨ੍ਹਾਂ ਨੇ ਕੀਤਾ ਹੈ ਅਤੇ ਕਿਸ ਲਈ ਕੀਤਾ ਹੈ। ਉਹ ਸੋਚਦੇ ਹਨ ਕਿ ਇਸ ਨਾਲ ਲੋਕਾਂ ਵਿਚ ਜਾਗਰਤੀ ਆਵੇਗੀ ਅਤੇ ਉਹ ਸਰਕਾਰ ਦੇ ਭ੍ਰਿਸ਼ਟਾਚਾਰ ਅਤੇ  ਹੇਰਾਫੇਰੀ ਦੇ ਖਿਲਾਫ਼ ਖੜੇ ਹੋ ਜਾਣਗੇ। ਇਸ ਦੌਰਾਨ ਇਹ ਖ਼ਬਰ ਵੀ ਆਉਂਦੀ ਹੈ ਕਿ ਕਰਨ ਦਾ ਬਾਪ, ਜੋ ਕਿ ਵੱਡਾ ਵਪਾਰੀ ਹੈ ਉਹ ਵੀ ਖ਼ਰਾਬ ਪੁਰਜ਼ੇ ਖ਼ਰੀਦਣ ਵਾਲੇ ਘੁਟਾਲੇ ਵਿਚ ਸ਼ਾਮਲ ਹੈ। ਨੌਜਵਾਨ ਫੈਸਲਾ ਕਰਦੇ ਹਨ ਕਿ ਉਹ ਰੇਡੀਓ ਸਟੇਸ਼ਨ ਰਾਹੀਂ ਲੋਕਾਂ ਨੂੰ ਆਪਣੀ ਗੱਲ ਦੱਸਕੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦੇਣਗੇ ਅਤੇ ਆਪਣਾ ਜੁਰਮ  ਕਬੂਲ ਕਰ ਲੈਣਗੇ ਭਾਵੇਂ ਉਨ੍ਹਾਂ ਨੂੰ ਫਾਂਸੀ ਵੀ ਲੱਗ ਜਾਵੇ। ਨੌਜਵਾਨ ਆਲ ਇੰਡੀਆ ਰੇਡੀਉ ਸਟੇਸ਼ਨ ਵਿਚ ਵੜ ਜਾਂਦੇ ਹਨ ਅਤੇ ਰੇਡੀਓ ਤੇ ਆਪਣੇ ਜੁਰਮ ਦਾ ਇਕਬਾਲ ਕਰਦੇ ਹਨ ਅਤੇ ਦੱਸਦੇ ਹਨ ਉਨ੍ਹਾਂ ਨੇ ਰਖਿਆ ਮੰਤ੍ਰੀ ਨੂੰ ਕਿਉਂ ਮਾਰਿਆ ਸੀ। ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਮਕਸਦ ਅਜੈ ਵਰਗੇ ਕਈ ਪਾਈਲੇਟਾਂ ਦੀ ਮੌਤ ਦਾ ਬਦਲਾ ਲੈਣਾ, ਕੁਰੱਪਟ ਲੀਡਰਾਂ ਦਾ ਭਾਂਡਾ ਭੰਨਣਾ ਅਤੇ ਲੋਕਾਂ ਨੂੰ ਜਗਾਉਣਾ ਸੀ।

ਫੌਜ ਅਤੇ ਨੀਮ ਫੌਜ ਦੇ ਦਸਤੇ ਰੇਡੀਉ ਸਟੇਸ਼ਨ ਨੂੰ ਘੇਰ ਲੈਂਦੇ ਹਨ ਅਤੇ ਗੋਲਾਬਾਰੀ ਕਰਦੇ ਹਨ। ਉਹਨਾਂ ਨੂੰ ਹੁਕਮ ਹੈ ਕਿ ਰੇਡੀਓ ਸਟੇਸ਼ਨ ਵਿਚ ਵੜੇ ਹੋਏ ਕਿਸੇ ਵੀ ਨੌਜੁਆਨ ਨੂੰ ਜੀਂਦਾ ਨਹੀਂ ਛੱਡਣਾ। ਨੌਜਵਾਨ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰਨ ਲਈ  ਹੱਥ ਵੀ ਖੜੇ ਕਰਦੇ ਹਨ ਪਰ ਫੌਜ ਅਤੇ ਨੀਮ ਫੌਜ ਸਾਰੇ ਨੌਜਵਾਨਾਂ ਨੂੰ ਖ਼ਤਰਨਾਕ ਦਹਿਸ਼ਤਗਰਦ ਦੱਸਕੇ ਕਤਲ ਕਰ ਦਿੰਦੇ ਹਨ।

ਫਿਲਮ ਵਿਚ ਭਗਤ ਸਿੰਘ ਹੁਰਾਂ ਦੇ ਸਮੇਂ ਅਤੇ ਮੌਜੂਦਾ ਹਾਲ ਦੇ ਦ੍ਰਿਸ਼ ਬਹੁਤ ਹੀ ਚੰਗੀ ਤਰਾਂ ਵਰਤੇ ਗਏ ਹਨ। ਨੌਜਵਾਨਾਂ ਅਤੇ ਇਨਕਲਾਬੀਆਂ ਦੇ ਕਿਰਦਾਰਾਂ ਨੂੰ ਇਕ ਦੂਜੇ ਨਾਲ ਮਿਲਾਕੇ ਵਿਖਾਉਣ ਦੀ ਤਕਨੀਕ ਨੇ ਫਿਲਮ ਨੂੰ ਕਾਫ਼ੀ ਅਸਰਦਾਰ ਬਣਾਇਆ ਹੈ। ਆਮੀਰ ਖ਼ਾਨ ਨੇ ਡੀ ਜੇ ਦਾ, ਸਿਧਾਰਥ ਨੇ  ਕਰਨ ਦਾ ਅਤੇ ਹੋਰ ਨੌਜਵਾਨਾਂ ਨੇ ਦੇਸ਼ ਭਗਤਾਂ ਦੇ ਕਿਰਦਾਰ ਬਹੁਤ ਵਧੀਆ ਨਿਭਾਏ ਹਨ। ਪਰ ਫਿਲਮ ਜ਼ਿਆਦਾ ਲੰਬੀ ਲਗਦੀ ਹੈ। ਜੋ ਗੱਲ ਇਹ ਢਾਈ ਘੰਟੇ ਵਿਚ ਕਰਦੀ ਹੈ ਬੜੇ ਆਰਾਮ ਨਾਲ ਡੇਢ ਘੰਟੇ ਵਿਚ ਕੀਤੀ ਜਾ ਸਕਦੀ ਸੀ। ਕਈ ਥਾਂਵਾਂ ਤੇ ਫਿਲਮ ਦੇ ਡਾਈਲਾਗ ਬੜੇ ਢੁਕਵੇਂ ਹਨ।

ਫਿਲਮ ਹਿੰਦੁਸਤਾਨ ਦੇ ਤਾਲੀਮੀ ਅਦਾਰਿਆਂ ਦੇ ਮੰਦੇ ਹਾਲ ਬਾਰੇ ਸੋਚਣ ਤੇ ਮਜਬੂਰ ਕਰਦੀ ਹੈ ਜੋ ਨੌਜਵਾਨਾਂ ਨੂੰ ਉਨ੍ਹਾਂ ਦੇ ਵਿਰਸੇ ਅਤੇ ਇਤਿਹਾਸ ਬਾਰੇ ਕੁਝ ਵੀ ਨਹੀਂ ਦਸਦੇ। ਇਹ ਨੌਜਵਾਨ ਹਿੰਮਤੀ ਹਨ, ਬਹਾਦਰ ਹਨ ਅਤੇ ਦਲੇਰ ਹਨ। ਪਰ ਤਾਲੀਮੀ ਅਦਾਰੇ ਆਪਣੇ ਵਿਰਸੇ ਬਾਰੇ ਉਨ੍ਹਾਂ ਨੂੰ ਕੁਝ ਵੀ ਨਹੀਂ ਦੱਸਦੇ। ਉਨ੍ਹਾਂ ਨੂੰ ਆਪਣੇ ਗੌਰਵਮਏ ਵਿਰਸੇ ਬਾਰੇ ਕੁਝ ਵੀ ਨਹੀਂ ਪਤਾ। ਇਕ ਅੰਗ੍ਰੇਜ਼ ਔਰਤ ਲੰਡਨ ਤੋਂ ਆ ਕੇ ਉਨ੍ਹਾਂ ਨੂੰ ਆਜ਼ਾਦੀ ਦੇ ਘੁਲਾਟੀਆਂ ਬਾਰੇ ਦੱਸਦੀ ਹੈ। ਹਿੰਦੁਸਤਾਨੀ ਤਾਲੀਮੀ ਅਦਾਰੇ ਅੱਜ ਵੀ ਮਕੌਲੇ ਦੀ ਬਸਤੀਵਾਦੀ ਤਾਲੀਮੀ ਨੀਤੀ ਦੇ ਆਧਾਰ ਚਲਦੇ ਹਨ ਅਤੇ ਅਜੇ ਵੀ ਨੌਜਵਾਨਾਂ ਨੂੰ ਸਿਰਫ਼ ਸਾਮਰਾਜ ਅਤੇ ਲੋਟੂ ਜਮਾਤਾਂ ਦੀ ਸੇਵਾ ਕਰਨ ਲਈ ਹੀ ਸਿਖਿਆ ਦਿੰਦੇ ਹਨ। ਲੋਟੂਆਂ ਦਾ ਮੀਡੀਆ ਵੀ ਇਹੋ ਕੰਮ ਹੀ ਕਰਦਾ ਹੈ। ਆਪਣੇ ਵਿਰਸੇ ਅਤੇ ਇਤਿਹਾਸ ਅਤੇ ਇਸ ਉਤੇ ਮਾਣ ਕਰਨ ਲਈ ਉਹ ਨੌਜੁਆਨਾ ਨੂੰ ਕੁਝ ਵੀ ਨਹੀਂ ਦਸਦੇ। ਬਸਤੀਵਾਦ ਅਤੇ ਸਾਮਰਾਜ ਦੀ ਨਕਲ ਕਰਨ ਦੀ ਹੀ ਤਾਲੀਮ ਉਨ੍ਹਾਂ ਨੂੰ ਦਿਤੀ ਜਾਂਦੀ ਹੈ ਅਤੇ ਆਪਣੇ ਵਿਰਸੇ

ਖ਼ਿਲਾਫ਼ ਨਫਰਤ ਹੀ ਸਿਖਾਈ ਜਾਂਦੀ ਹੈ। ਇਕ ਪਾਸੇ ਤਾਂ ਹਾਕਮ ਜਮਾਤਾਂ ਅਤੇ ਇਨ੍ਹਾਂ ਦੇ ਨੁਮਾਇੰਦੇ ਇਹ ਜ਼ੁਲਮ ਨੌਜਵਾਨ ਪੀੜੀ ਤੇ ਕਰਦੇ ਹਨ ਅਤੇ ਦੂਜੇ ਪਾਸੇ ਉਹ ਨੌਜਵਾਨਾਂ ਨੂੰ ਮਜ਼ਹਬ, ਜ਼ਾਤ-ਪਾਤ, ਅਤੇ ਬੋਲੀ ਆਦਿ ਦੇ ਆਧਾਰ ਤੇ ਪਾੜਨ ਦੀ ਕੋਸ਼ਿਸ਼ ਕਰਦੇ ਹਨ।

ਨੌਜਵਾਨਾਂ ਨੂੰ ਕੋਈ ਰਾਹ ਨਜ਼ਰ ਨਹੀਂ ਆਉਦਾ ਅਤੇ ਉਹ ਬਦਲੇ ਦੀ ਭਾਵਨਾ ਨਾਲ ਭਰੇ ਹੋਏ ਨਿਰਸੇਧ ਬਗਾਵਤ ਤੇ ਉਤਾਰੂ ਹਨ। ਇਹ ਗੱਲ ਵੀ ਹਾਕਮ ਜਮਾਤਾਂ ਦੇ ਹੱਕ ਵਿਚ ਹੀ ਜਾਂਦੀ ਹੈ ਤੇ ਉਨ੍ਹਾਂ ਦੇ ਰਾਜ ਨੂੰ ਇਸ ਤੋਂ ਕੋਈ ਖ਼ਤਰਾ ਨਹੀਂ। ਨੌਜਵਾਨਾਂ ਨੂੰ ਇਸ ਬੇਬਸੀ ਦੀ ਹਾਲਤ ਚੋਂ` ਬਾਹਰ ਨਿਕਲਣ ਦੀ ਸੇਧ ਵੱਲ ਇਹ ਫ਼ਿਲਮ ਵੀ ਕੋਈ ਇਸ਼ਾਰਾ ਨਹੀਂ ਕਰ ਸਕੀ ਬਲਕਿ ਨੌਜੁਆਨਾ ਨੂੰ ਨਸੀਹਤ ਕਰਦੀ ਹੈ ਕਿ ਜੇ ਉਹ ਆਪ ਇਮਾਨਦਾਰ ਅਫ਼ਸਰ ਅਤੇ ਰਾਜਨੀਤਕ ਬਣ ਕੇ ਮੌਜੂਦਾ ਨਿਜ਼ਾਮ ਨੂੰ ਚਲਾਉਣ ਵਿਚ ਹਿਸਾ ਲੈਣ ਤਾਂ ਸਾਰਾ ਕੁਝ ਠੀਕ ਹੋ ਸਕਦਾ ਹੈ। ਮੁਲਕ ਦੇ ਮਾੜੇ ਹਾਲਾਤ ਨੂੰ ਬਦਲਣ ਲਈ ਇਹ ਨੌਜੁਆਨਾ ਨੂੰ ਇਹੋ ਹੀ ਰਾਹ ਦੱਸਦੀ ਹੈ ਜੋ ਕੁਰਾਹੇ ਪਾਉਣ ਦੇ ਬਰਾਬਰ ਹੈ ਅਤੇ ਇਸ ਫਿਲਮ ਦੀ ਇਹ ਸਾਰਿਆਂ ਨਾਲੋਂ ਵੱਡੀ ਘਾਟ ਹੈ। ਹਿੰਦੁਸਤਾਨੀ ਨੌਜਵਾਨਾਂ ਅਤੇ ਵਿਦਿਆਰਥੀ, ਜੇ ਕੋਈ ਉਨ੍ਹਾਂ ਨੂੰ ਰਾਹ ਦਿਖਾਉਣ ਵਾਲਾ ਹੋਵੇ ਤਾਂ, ਹਮੇਸ਼ਾ ਹੀ ਸਮਾਜ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਕੁਰਬਾਨੀਆਂ ਦੇਣ ਲਈ ਅੱਗੇ ਆਉਂਦੇ ਰਹੇ ਹਨ। ਫਿਲਮ ਵਿਚ ਦਿਖਾਏ ਹੋਏ ਨੌਜਵਾਨ ਵੀ ਦਲੇਰੀ ਬਹਾਦਰੀ ਅਤੇ ਕੁਰਬਾਨੀ ਕਰਨ ਦੇ ਜਜ਼ਬੇ ਵਿਚ ਕਿਸੇ ਤੋਂ ਘੱਟ ਨਹੀਂ। ਪਰ ਉਨ੍ਹਾਂ ਨੂੰ ਰਾਹ ਦਿਖਾਉਣ ਵਾਲਾ ਕੋਈ ਨਹੀਂ ਅਤੇ ਨਾ ਇਹ ਫਿਲਮ ਹੀ ਉਨ੍ਹਾਂ ਨੂੰ ਕੋਈ ਸਹੀ ਰਾਹ ਦਿਖਾਉਣ ਵੱਲ ਇਸ਼ਾਰਾ ਕਰਦੀ ਹੈ।

ਸ਼ਹੀਦ ਭਗਤ ਸਿੰਘ ਹੁਰਾਂ ਨੇ ਕਿਹਾ ਸੀ ਕਿ ਜਿੰਨਾਂ ਚਿਰ ਇਹ ਲੁੱਟ ਦਾ ਰਾਜ ਜਾਰੀ ਰਹੇਗਾ ਹਿੰਦੁਸਤਾਨ ਦੇ ਲੋਕਾਂ ਦੀ ਮੁਕਤੀ ਦਾ ਘੋਲ ਬੰਦ ਨਹੀਂ ਹੋ ਸਕਦਾ, ਇਹ ਲੁੱਟ ਕਰਨ ਵਾਲੇ ਚਾਹੇ ਵਿਦੇਸ਼ੀ ਹੋਣ ਜਾਂ ਦੇਸੀ। ਸ਼ਹੀਦਾਂ ਦਾ ਇਹ ਪੈਗਾਮ ਅੱਜ ਵੀ ਸਹੀ, ਖ਼ਰਾ ਅਤੇ ਦਰੁਸਤ ਹੈ। ਦੇਸੀ ਤੇ ਵਿਦੇਸ਼ੀ ਲੁਟੇਰਿਆਂ ਦੀ ਇਸ ਲੁੱਟ ਦੇ ਰਾਜ ਨੂੰ ਖ਼ਤਮ ਕਰਨ ਲਈ ਹਿੰਦੁਸਤਾਨ ਦੇ ਲੋਕਾਂ ਨੂੰ ਇਕ ਮੁੱਠ ਹੋਕੇ ਸਿਆਸੀ ਲਹਿਰ ਚਲਾਉਣ ਦੀ ਲੋੜ ਹੈ। ਲੋਕਾਂ ਦੀ ਸਿਆਸੀ ਲਹਿਰ ਨਾਲ ਹੀ ਇਹ ਲੁੱਟ ਦਾ ਰਾਜ ਖ਼ਤਮ ਹੋ ਸਕਦਾ ਹੈ। ਹਿੰਦੁਸਤਾਨ ਦੀ ਨਵੀਂ ਉਸਾਰੀ ਲਈ ਸੰਘਰਸ਼ ਕਰਦੀ ਮਜ਼ਦੂਰ ਜਮਾਤ, ਦੇਸ਼ ਭਗਤਾਂ ਅਤੇ ਰੌਸ਼ਨਖਿਆਲ ਲੋਕਾਂ ਨੂੰ ਨੌਜਵਾਨਾਂ ਨੂੰ ਲਾਮਬੰਦ ਕਰਨ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਆਪਣੇ ਮਸਲਿਆਂ ਦੇ ਹੱਲ ਲਈ ਰਾਹ ਵਿਖਾਉਣ ਦੀ ਇਸ ਵੇਲੇ ਬਹੁਤ ਹੀ ਲੋੜ ਹੈ। ਇਸ ਤੋਂ ਬਗੈਰ ਉਨ੍ਹਾਂ ਦਾ ਭਵਿਖ ਹਨੇਰੇ ਵਿਚ ਹੀ ਹੈ।

ਪਰ ਸ਼ਹੀਦਾਂ ਦੇ ਇਸ ਪੈਗਾਮ ਨੂੰ "ਮੇਰਾ ਰੰਗ ਦੇ ਬਸੰਤੀ" ਬਿਲਕੁਲ ਗੌਲਦੀ ਹੀ ਨਹੀਂ।